**ਗੁਰਪ੍ਰੀਤ ਸਿੰਘ, ਪੀ.ਸੀ.ਐਸ.-I, ਸੰਯੁਕਤ ਰਜਿਸਟਰਾਰ (ਐਪੀਲਾਂਟ ਅਥਾਰਟੀ) ਸਹਿਕਾਰੀ ਸਭਾਵਾਂ ਜਲੰਧਰ ਮੰਡਲ, ਚੌਥੀ ਮੰਜਿਲ, ਕੇਂਦਰੀ ਸਹਿਕਾਰੀ ਬੈਂਕ, ਸਾਹਮਣੇ ਵੱਡਾ ਡਾਕਖਾਨਾ, ਸਿਵਲ ਲਾਈਨਜ਼, ਜਲੰਧਰ, ਨੰਬਰ : 0181-2224636.**

ਕਸ਼ਮੀਰ ਕੋਰ ਪਤਨੀ ਸ੍ਰੀ ਬਲਵੀਰ ਸਿੰਘ ਪੁੱਤਰ ਸ੍ਰੀ ਸਾਧੂ ਰਾਮ, ਵਾਸੀ ਪਿੰਡ ਥੱਲਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ।

.........ਅਪੀਲਕਰਤਾ.......

ਬਨਾਮ

1. ਪਬਲਿਕ ਇਨਫ਼ਰਮੇਸ਼ਨ ਅਫਸਰ-ਕਮ-ਉਪ-ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ।
2. ਪਬਲਿਕ ਇਨਫਰਮੇਸ਼ਨ ਅਫਸਰ, ਦੀ ਥੱਲਾ ਸਹਿਕਾਰੀ ਖੇਤੀਬਾੜੀ ਬਹੁਮੰਤਵੀ ਸੇਵਾ ਸਭਾ ਲਿਮ: ਥੱਲਾ, ਤਹਿ: ਫਿਲੌਰ, ਜ਼ਿਲ੍ਹਾ ਜਲੰਧਰ (ਰਾਹੀਂ ਸ:ਰ: ਫਿਲੌਰ)।

.........ਰਿਸਪੋਂਡੈਂਟਸ........

ਰਾਈਟ ਟੂ ਇਨਫਰਮੇਸ਼ਨ ਐਕਟ - 2005 ਦੇ ਸੈਕਸ਼ਨ 19 ਤਹਿਤ ਦਾਇਰ ਕੀਤੀ ਗਈ ਅਪੀਲ ਬਾਰੇ।

**ਹੁੱਕਮ :**

ਅਪੀਲਕਰਤਾ ਵਲੋਂ ਦਰਖਾਸਤ ਮਿਤੀ : 19.07.2021 ਰਾਹੀਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਪਬਲਿਕ ਇਨਫਰਮੇਸ਼ਨ ਅਫਸਰ, ਦੀ ਥੱਲਾ ਸਹਿਕਾਰੀ ਖੇਤੀਬਾੜੀ ਬਹੁਮੰਤਵੀ ਸੇਵਾ ਸਭਾ ਲਿਮ: ਤਹਿਸੀਲ ਫਿਲੌਰ, ਜਿਲ੍ਹਾ ਜਲੰਧਰ ਪਾਸੋਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਇਸ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ।

ਪ੍ਰਾਰਥੀ ਵਲੋਂ ਦਾਇਰ ਕੀਤੀ ਗਈ ਅਪੀਲ ਦੀ ਸੁਣਵਾਈ ਵਾਸਤੇ ਦੋਵਾਂ ਧਿਰਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਅਤੇ ਵੱਖ-ਵੱਖ ਮਿਤੀਆਂ ਨੂੰ ਕੇਸ ਦੀ ਸੁਣਵਾਈ ਕੀਤੀ ਗਈ।

ਮਿਤੀ : 20.01.2022 ਨੂੰ ਅਪੀਲ ਦੀ ਸੁਣਵਾਈ ਦੌਰਾਨ ਦੀ ਥੱਲਾ ਸਹਿਕਾਰੀ ਖੇਤੀਬਾੜੀ ਬਹੁਮੰਤਵੀ ਸੇਵਾ ਸਭਾ ਲਿਮ: ਤਹਿਸੀਲ ਫਿਲੌਰ, ਜਿਲ੍ਹਾ ਜਲੰਧਰ ਵਲੋਂ ਹਾਜਰ ਆਏ ਸ੍ਰੀ ਦਲਬੀਰ ਸਿੰਘ, ਸਕੱਤਰ ਨੇ ਲਿਖਤੀ ਬਿਆਨ ਕੀਤਾ ਗਿਆ ਕਿ ਸਭਾ ਸੂਚਨਾ ਦੇ ਅਧਿਕਾਰ ਐਕਟ - 2005 ਤਹਿਤ ਸੂਚਨਾ ਸਪਲਾਈ ਕਰਨ ਲਈ ਕਵਰ ਨਹੀਂ ਹੁੰਦੀ ਕਿਉਂਕਿ ਸਭਾ ਵਿੱਚ ਕੋਈ ਸਰਕਾਰੀ ਮੁਲਾਜ਼ਮ ਡੈਪੂਟੇਸ਼ਨ ਤੇ ਜਾਂ ਤਨਖਾਹਦਾਰ ਨਹੀਂ ਹੈ। ਸਭਾ ਕੋਆਪ੍ਰੇਟਿਵ ਐਕਟ 1961 ਤਹਿਤ ਰਜਿਸਟਰਡ ਹੈ। ਸਭਾ ਸਿਰਫ ਆਪਣੇ ਫੰਡਾਂ ਤੋਂ ਅਤੇ ਬੈਂਕ ਤੋਂ ਕਰਜਾ ਲੈ ਕੇ ਮੈਂਬਰਾਂ ਵਿੱਚ ਵੰਡਦੀ ਹੈ ਅਤੇ ਬਾਕੀ ਸਾਰਾ ਕਾਰੋਬਾਰ ਸਭਾ ਆਪਣੇ ਫੰਡਾਂ ਵਿੱਚੋਂ ਚਲਾ ਰਹੀ ਹੈ। ਸਭਾ ਵਿੱਚ ਕੋਈ ਵੀ ਸਰਕਾਰੀ ਫੰਡ ਨਹੀਂ ਹੈ। ਸ੍ਰੀ ਦਲਬੀਰ ਸਿੰਘ, ਸਕੱਤਰ ਵਲੋਂ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਦੇ ਹੁੱਕਮ ਮਿਤੀ : 07.10.2013 ਦਾ ਹਵਾਲਾ ਦਿੰਦੇ ਹੋਏ ਇਹ ਵੀ ਬਿਆਨ ਕੀਤਾ ਗਿਆ ਕਿ ਸਹਿਕਾਰੀ ਸਭਾਵਾਂ ਆਰ. ਟੀ.ਆਈ.ਐਕਟ-2005 ਅਧੀਨ ਕਵਰ ਨਹੀਂ ਹੁੰਦੀਆਂ।

ਮਾਨਯੋਗ ਸਟੇਟ ਇਨਫਰਮੇਸ਼ਨ ਕਮਿਸ਼ਨ ਪੰਜਾਬ ਚੰਡੀਗੜ ਜੀ ਵਲੋਂ AC No. 1654 of 2019 - ਪ੍ਰਦੀਪ ਸਿੰਘ ਬਨਾਮ ਪਬਲਿਕ ਇਨਫਰਮੇਸ਼ਨ ਅਫਸਰ,

ਉਪ-ਰਜਿਸਟਰਾਰ ਸਹਿਕਾਰੀ ਸਭਾਵਾਂ ਜਲੰਧਰ ਅਤੇ ਸੰਯੁਕਤ ਰਜਿਸਟਰਾਰ ਸਹਿਕਾਰੀ ਸਭਾਵਾਂ ਜਲੰਧਰ ਮੰਡਲ, ਜਲੰਧਰ ਦੇ ਸਬੰਧ ਵਿੱਚ ਮਿਤੀ : 15.07.2019 ਨੂੰ ਪਾਸ ਕੀਤੇ ਗਏ ਹੁੱਕਮਾਂ ਮੁਤਾਬਕ ਸਹਿਕਾਰੀ ਸਭਾਵਾਂ ਆਰ. ਟੀ.ਆਈ.ਐਕਟ-2005 ਅਧੀਨ ਕਵਰ ਨਹੀਂ ਹੁੰਦੀਆਂ।

ਅਪੀਲਕਰਤਾ ਵਲੋਂ ਦਰਖਾਸਤ ਮਿਤੀ : 19.07.2021 ਰਾਹੀਂ ਪਬਲਿਕ ਇਨਫਰਮੇਸ਼ਨ ਅਫਸਰ, ਦੀ ਥੱਲਾ ਸਹਿਕਾਰੀ ਖੇਤੀਬਾੜੀ ਬਹੁਮੰਤਵੀ ਸੇਵਾ ਸਭਾ ਲਿਮ: ਤਹਿਸੀਲ ਫਿਲੌਰ, ਜਿਲ੍ਹਾ ਜਲੰਧਰ ਪਾਸੋਂ ਸੂਚਨਾ ਲੈਣ ਵਾਸਤੇ ਸਿੱਧੇ ਤੌਰ ਤੇ ਅਪਲਾਈ ਕੀਤਾ ਗਿਆ ਸੀ, ਜਿਸ ਕਾਰਨ ਅਪੀਕਰਤਾ ਵਲੋਂ ਦਿੱਤੀ ਗਈ ਦਰਖਾਸਤ ਤੇ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਜਲੰਧਰ ਅਤੇ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਫਿਲੌਰ ਵਲੋਂ ਕੋਈ ਕਾਰਵਾਈ ਕਰਨੀ ਨਹੀਂ ਬਣਦੀ।

ਮਾਨਯੋਗ ਸਟੇਟ ਇਨਫਰਮੇਸ਼ਨ ਕਮਿਸ਼ਨ ਪੰਜਾਬ ਚੰਡੀਗੜ ਜੀ ਵਲੋਂ ਕੀਤੇ ਗਏ ਫੈਸਲਾ ਮਿਤੀ : 15.07.2019 ਦੀ ਰੋਸ਼ਨੀ ਵਿੱਚ ਅਤੇ ਸ੍ਰੀ ਦਲਬੀਰ ਸਿੰਘ, ਸਕੱਤਰ, ਦੀ ਥੱਲਾ ਸਹਿਕਾਰੀ ਖੇਤੀਬਾੜੀ ਬਹੁਮੰਤਵੀ ਸੇਵਾ ਸਭਾ ਲਿਮ: ਤਹਿਸੀਲ ਫਿਲੌਰ, ਜਿਲ੍ਹਾ ਜਲੰਧਰ ਵਲੋਂ ਦਿੱਤੇ ਗਏ ਬਿਆਨ ਨੂੰ ਘੋਖਣ ਉਪਰੰਤ ਮੈਂ ਇਹ ਫੈਸਲਾ ਕਰਦਾ ਹਾਂ ਕਿ ਪ੍ਰਾਰਥੀ ਵਲੋਂ ਦਰਖਾਸਤ ਮਿਤੀ : 19.07.2021 ਰਾਹੀਂ ਪਬਲਿਕ ਇਨਫਰਮੇਸ਼ਨ ਅਫਸਰ ਦੀ ਥੱਲਾ ਸਹਿਕਾਰੀ ਖੇਤੀਬਾੜੀ ਬਹੁਮੰਤਵੀ ਸੇਵਾ ਸਭਾ ਲਿਮ: ਤਹਿਸੀਲ ਫਿਲੌਰ, ਜਿਲ੍ਹਾ ਜਲੰਧਰ ਪਾਸੋਂ ਮੰਗੀ ਗਈ ਸੂਚਨਾ ਉਸਨੂੰ ਸਪਲਾਈ ਨਹੀਂ ਕੀਤੀ ਜਾ ਸਕਦੀ, ਕਿਉਂਕਿ ਸਹਿਕਾਰੀ ਸਭਾਵਾਂ ਰਾਈਟ ਟੂ ਇਨਫਰਮੇਸ਼ਨ ਐਕਟ - 2005 ਤਹਿਤ ਕਵਰ ਨਹੀਂ ਹੁੰਦੀਆਂ ਹਨ। ਇਨ੍ਹਾਂ ਹੁੱਕਮਾਂ ਨਾਲ ਅਪੀਲ ਡਿਸਪੋਜ਼ ਆਫ ਕੀਤੀ ਜਾਂਦੀ ਹੈ।

ਪ੍ਰਾਰਥੀ ਅਗਰ ਇਸ ਅਦਾਲਤ ਵਲੋਂ ਕੀਤੇ ਗਏ ਫੈਸਲੇ ਨਾਲ ਸੰਤੁਸ਼ਟ ਨਾ ਹੋਵੇ ਤਾਂ ਉਹ ਮਾਨਯੋਗ ਸਟੇਟ ਇਨਫਰਮੇਸ਼ਨ ਕਮਿਸ਼ਨ ਪੰਜਾਬ ਚੰਡੀਗੜ ਜੀ ਦੀ ਅਦਾਲਤ ਪਾਸ ਦੂਸਰੀ ਅਪੀਲ ਦਾਇਰ ਕਰ ਸਕਦਾ ਹੈ।

ਮਿਤੀ : 24.02.2022.

(ਗੁਰਪ੍ਰੀਤ ਸਿੰਘ)
ਸੰਯੁਕਤ ਰਜਿਸਟਰਾਰ
(ਐਪੀਲਾਂਟ ਅਥਾਰਟੀ)
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਸੇਵਾ ਵਿਖੇ,

ਪਹਿਲੀ ਐਪਲੀਕਾਂਟ ਅਥਾਰਟੀ

**ਸੰਯੁਕਤ ਰਜਿਸਟਰਾਰ**

ਸਹਿਕਾਰੀ ਸਭਾਵਾਂ , ਜਲੰਧਰ ਮੰਡਲ, ਜਲੰਧਰ

ਚੋਥੀ ਮੰਜਿਲ, ਸੀ.ਸੀ.ਬੀ. ਜਲੰਧਰ

ਕਪੂਰਥਲਾ ਹਾਊਸ, ਸ਼ਾਹਮਣੇ ਵੱਡਾ ਡਾਕਖਾਨਾਂ, ਸਿਵਲ ਲਾਈਨਜ

ਜਿਲ੍ਹਾ ਜਲੰਧਰ

0181-2224636

30/12/21

3248
30-12-21

**ਵਿਸਾ:** **<u>ਪਹਿਲੀ ਅਪੀਲ ਸੂਚਨਾ ਦਾ ਅਧਿਕਾਰ ਐਕਟ 2005 ਤਹਿਤ ਸੂਚਨਾ ਦੀ ਮੰਗ ਬਾਰੇ।</u>**

ਸ੍ਰੀ ਮਾਨ ਜੀ,

ਆਪ ਜੀ ਪਾਸ ਨਿਮਰਤਾ ਸਾਹਿਤ ਬੇਨਤੀ ਕਿ ਹੈ ਕਿ :-

1. ਇਹ ਕਿ ਅਪੀਲਕਰਤਾ ਨੇ Life and Liberty ਦੇ ਆਧਾਰ ਤੇ "ਦੀ ਥੱਲਾ ਕੋ-ਆਪ. ਐਗਰੀ ਮ/ਪ ਸਰਵਿਸ ਸੋਸਾਇਟੀ ਲਿਮ. ਥੱਲਾ, ਤਹਿਸੀਲ ਫਿਲੌਰ, ਜਿਲ੍ਹਾ ਜਲੰਧਰ ( The Thalla Co-op Agri. Multipurpose Service Society Ltd. Tehsil Phillaur, Distt. Jalandhar Ph.01826-238068, 235668) ਵਿਚੋਂ ਸੂਚਨਾ ਜਾਣਕਾਰੀ ਹਾਸਿਲ ਕਰਨ ਵਾਸਤੇ ਅਪੀਲਕਰਤਾ ਨੇ ਪਹਿਲੀ ਆਰ.ਟੀ.ਆਈ ਦੀ ਪਹਿਲੀ ਦਰਖਾਸਤ The Honourable The Public Information Officer, The Thalla Co-op Agri. Multipurpose Service Society Ltd. Tehsil Phillaur, Distt. Jalandhar-144419 ਦੇ ਦਫਤਰ ਮਿਤੀ 19-07-2021 ਨੂੰ ਪਹਿਲੀ ਆਰ.ਟੀ.ਆਈ. ਦੀ ਦਰਖਾਸਤ ਮਿਤੀ 20-07-2021 ਰਜਿਸਟਰਡ ਪੋਸਟ ਰਾਂਹੀ ਕੀਤੀ ਜਿਸਦਾ ਰਜਿਸਟਰਡ ਪੋਸਟ ਨੰਬਰ EP453163721IN ਹੈ, ਫੀਸ 10/-ਰੁਪਏ ਅਸਲ ਇੰਡੀਅਨ ਪੋਸਟਲ ਆਰਡਰ ਨੰਬਰ 53F 561025 ਨਾਲ ਨੱਥੀ ਕੀਤਾ ਸੀ। ਅਪੀਲਕਰਤਾ ਦੀ ਜਿੰਦਗੀ ਨੂੰ ਖਤਰਾ ਹੋਣ ਕਰਕੇ ਲੋਕ ਸੂਚਨਾ ਅਧਿਕਾਰੀ ਵਲੋਂ ਸੂਚਨਾ ਦਾ ਅਧਿਕਾਰ ਕਾਨੂੰਨ, 2005 ਦੇ ਸੈਕਸ਼ਨ 7 (1) ਦੇ ਨਿਯਮ ਮੁੱਤਾਬਿਕ ਬੇਨਤੀ ਦਾ <u>ਨਿਪਟਾਰਾ 48 ਘੰਟਿਆਂ ਵਿੱਚ</u> ਕੀਤਾ ਜਾਣਾ ਪਾਬੰਧ ਸੀ ਜਿਸਦਾ ਸਮੇਂ ਸਿਰ ਨਿਪਟਾਰਾ ਨਹੀਂ ਕੀਤਾ ਗਿਆ, ਨਾ ਹੀ ਮੰਗੀ ਸੂਚਨਾ ਜਾਣਕਾਰੀ ਮਹੁੱਈਆ ਕਰਵਾਈ ਗਈ। ਪਹਿਲੀ ਦਰਖਾਸਤ ਦੀ ਕਾਪੀ ਨਾਲ ਨੱਥੀ ਹੈ।

ਨਸੀਬ ਕੌਰ

2. ਇਹ ਕਿ ਲੋਕ ਸੂਚਨਾ ਅਧਿਕਾਰੀ ਕਮ "ਦੀ ਥੱਲਾ ਕੋ-ਆਪ. ਐਗਰੀ ਮ/ਪ ਸਰਵਿਸ ਸੋਸਾਇਟੀ ਲਿਮ. ਥੱਲਾ, ਤਹਿਸੀਲ ਫਿਲੌਰ, ਜਿਲ੍ਹਾ ਜਲੰਧਰ ਵਲੋ ਅਪੀਲਕਰਤਾ ਦੀ ਦਰਖਾਸਤ ਪਰ RTI/01/19.07.2021 ਲਗਾਇਆ ਗਿਆ ਅਤੇ ਇੰਨਾਂ ਵਲੋਨ ਇਕ ਲਿਖਤ ਜਵਾਬ ਭੇਜਿਆ ਅਤੇ ਅਪੀਲਕਰਤਾ ਵਲੋਂ ਮੰਗੀ ਸੂਚਨਾ ਜਾਣਕਾਰੀ ਸਬੰਧਿਤ ਦਫਤਰ ਵਲੋਂ ਮਹੁੱਈਆ ਨਹੀਂ ਕਰਵਾਈ। ਲੋਕ ਸੂਚਨਾ ਅਧਿਕਾਰੀ ਵਲੋਂ ਭੇਜੀ ਪੱਤਰ ਦੀ ਕਾਪੀ ਨਾਲ ਨੱਥੀ ਹੈ।

**ਦੀ ਥੱਲਾ ਕੋ-ਆਪ. ਐਗਰੀ ਮ/ਪ ਸਰਵਿਸ ਸੋਸਾਇਟੀ ਲਿਮ. ਥੱਲਾ, ਤਹਿਸੀਲ ਫਿਲੌਰ, ਜਿਲ੍ਹਾ ਜਲੰਧਰ ( The Thalla Co-op Agri. Multipurpose Service Society Ltd. Tehsil Phillaur, Distt. Jalandhar ਵਿਚੋਂ ਆਰ.ਟੀ.ਆਈ.ਐਕਟ 2005 ਦੇ ਸੈਕਸਨ 2(i.),(j).(i).(ii)(iii) ਤੇ ਸੈਕਸਨ 3 ਤੇ ਸੈਕਸਨ 6(1) ਅਧੀਨ ਦਰਖਾਸਤਕਰਤਾ ਹੇਠ ਲਿਖੇ ਰਿਕਾਰਡ ਦਾ ਨਿਰੀਖਣ ਕਰਨਾ ਚਾਹੁੰਦੀ ਹੈ ।ਇਸ ਲਈ ਇੰਨਾਂ ਰਿਕਾਰਡ ਦਾ ਆਰ.ਟੀ.ਆਈ.ਐਕਟ 2005 ਦੇ ਸੈਕਸਨ 2(j).(i).(ii)(iii) ਅਧੀਨ ਇਸ ਰਿਕਾਰਡ ਦਾ ਨਿਰੀਖਣ ਕਰਨ ਤੋਂ ਬਾਅਦ ਦਰਖਾਸਤਕਰਤਾ ਵਲੋਂ ਮੰਗੀ ਗਈ ਸੂਚਨਾ ਜਾਣਕਾਰੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ। ਕਿਰਪਾ ਕਰਕੇ ਦਰਖਸਤਕਰਤਾ ਵਲੋਂ ਮੰਗੀ ਜਾਣਕਾਰੀਂ ਨੂੰ ਪੁਆਇੰਟ ਨੰਬਰ 1 ਤੋਂ ਲੈ ਕੇ ਪੁਆਇੰਟ ਨੰਬਰ 20 ਤੱਕ ਹਰ ਇਕ ਪੁਆਇੰਟ ਦਾ ਜਵਾਬ ਪੁਆਇੰਟ ਵਾਈਜ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ।**

1. ਇਹ ਕਿ ਦਰਖਾਸਤਾਕਰਤਾ ਦੇ ਪਤੀ ਬਲਵੀਰ ਸਿੰਘ ਪੁੱਤਰ ਸ਼੍ਰੀ ਸਾਧੂ ਰਾਮ ਵਾਸੀ ਪਿੰਡ ਥੱਲਾ, ਤਹਿਸੀਲ ਫਿਲੌਰ ਜਿਲ੍ਹਾ ਜਲੰਧਰ ਨੂੰ "ਦੀ ਥੱਲਾ ਕੋ-ਆਪ. ਐਗਰੀ ਮ/ਪ ਸਰਵਿਸ ਸੋਸਾਇਟੀ ਲਿਮ. ਥੱਲਾ, ਤਹਿਸੀਲ ਫਿਲੌਰ, ਜਿਲ੍ਹਾ ਜਲੰਧਰ ( The Thalla Co-op Agri. Multipurpose Service Society Ltd. Tehsil Phillaur, Distt. Jalandhar Ph.01826-238068, 235668) ਵਿਖੇ ਬਤੌਰ ਸੈਲਜਮੈਨ ਆਪਣੀਆਂ ਸੇਵਾਵਾਂ ਨਿਭਾਉਂਦੇ ਸਨ, ਨੂੰ ਭਰਤੀ ਕਰਨ ਸਮੇਂ ਦਾਖਲ ਕੀਤੀ ਪੂਰੀ ਫਾਈਲ ਅਤੇ ਅਤੇ ਉਸ ਫਾਈਲ ਦੇ ਨਾਲ ਸਾਰੇ ਦਸਤਾਵੇਜਾਂ ਦੀਆਂ ਤਸਦੀਕਸੁਦਾ ਕਾਪੀ ਦਿੱਤੀਆਂ ਜਾਣ।

2. ਇਹ ਕਿ ਦਰਖਾਸਤਕਰਤਾ ਦੇ ਪਤੀ ਬਲਵੀਰ ਸਿੰਘ ਪੁੱਤਰ ਸ਼੍ਰੀ ਸਾਧੂ ਰਾਮ ਨਾਲ ਸਬੰਧਿਤ ਭਰਤੀ ਤੋਂ ਲੈ ਕੇ ਅੱਜ ਤੱਕ ਜਿੰਨਾ ਵੀ ਫੰਡ, ਗ੍ਰੈਚਿਟੀ ਅਤੇ ਕਮਾਈ ਛੁੱਟੀ ਦੀ ਰਕਮ ਨਾਲ ਸਬੰਧਿਤ ਜਿੰਨੇ ਵੀ ਖਾਤੇ ਹਨ ਉਹਨਾਂ ਸਾਰੇ ਖਾਤਿਆਂ ਦੀਆਂ ਤਸਦੀਕਸੁਦਾ ਕਾਪੀਆਂ ਦਿੱਤੀਆਂ ਜਾਣ।

ਨਸੀਬ ਕੌਰ

ਇਹ ਕਿ ਦਰਖਾਸਤਕਰਤਾ ਦੇ ਪਤੀ ਬਲਵੀਰ ਸਿੰਘ ਦੇ ਨਾਮ ਪਰ ਨਾਲ ਸਬੰਧਿਤ ਭਰਤੀ ਤੋਂ ਲੈ ਕੇ ਅੱਜ ਤੱਕ ਜਿੰਨਾ ਸਟਾਕ ਖਾਦ ਰਜਿਸਟਰ / ਖਾਤਾ , ਜਰੂਰੀ ਵਸਤਾ ਰਜਿਸਟਰ / ਰਜਿਸਟਰ, ਸਟਾਕ ਕੈਟਲਫੀਡ ਲੋਨ ਕਰਜਾ ਕੋਆਪ੍ਰੇਟਿਵ ਬੈਂਕ ਬਰਾਂਚ ਫਿਲੌਰ ਰਜਿਸਟਰ / ਖਾਤਾ ਅਤੇ ਸੁਸਾਇਟੀ ਆਦਿ ਦੀ ਵਸੂਲੀ ਰਜਿਸਟਰ ਦੇ ਸਾਡੇ ਖਾਤਿਆਂ ਦੀ ਤਸਦੀਕ ਸੁਦਾ ਕਾਪੀਆਂ ਦਿੱਤੀਆਂ ਜਾਣ।

4. ਇਹ ਕਿ ਦਰਖਾਸਤਕਰਤਾ ਦੇ ਪਤੀ ਦੇ ਖਾਤੇ ਦੇ ਵਿੱਚ " Dec/03/2019 to **Amount to paid,** Account No.486 (Balbir Singh) Sale Fertilizer 2,48,780/- **ਦੇ ਨਾਲ ਸਬੰਧਿਤ ਬੈਂਕ** ਅਕਾਊਂਟ ਵਿਚੋਂ ਕਢਣ ਸਮੇਂ ਵਾਊਚਰ ਦੀ ਤਸਦੀਕਸੁਦਾ ਕਾਪੀ ਦਿੱਤੀ ਜਾਵੇ।

5. ਇਹ ਕਿ ਦਰਖਾਸਤਕਰਤਾ ਦੇ ਪਤੀ ਦੇ ਖਾਤੇ ਦੇ ਵਿੱਚ " Dec/06/2019 to Amount to paid, Account No.486 (Balbir Singh) Sale Essential Goods 1,91,776/-/- ਦੇ ਨਾਲ ਸਬੰਧਿਤ ਬੈਂਕ ਅਕਾਊਂਟ ਵਿਚੋਂ ਕਢਣ ਸਮੇਂ ਵਾਊਚਰ ਦੀ ਤਸਦੀਕਸੁਦਾ ਕਾਪੀ ਦਿੱਤੀ ਜਾਵੇ।

6. ਇਹ ਕਿ ਦਰਖਾਸਤਕਰਤਾ ਦੇ ਪਤੀ ਦੇ ਖਾਤੇ ਦੇ ਵਿੱਚ " Dec/07/2019 to Amount to paid, Account No.486 (Balbir Singh) Sale Essential Goods 38,125/- ਦੇ ਨਾਲ ਸਬੰਧਿਤ ਬੈਂਕ **ਅਕਾਊਂਟ ਵਿਚੋਂ ਕਢਣ ਸਮੇਂ ਵਾਊਚਰ ਦੀ ਤਸਦੀਕਸੁਦਾ ਕਾਪੀ ਦਿੱਤੀ ਜਾਵੇ।**

7. ਇਹ ਕਿ ਦਰਖਾਸਤਕਰਤਾ ਦੇ ਪਤੀ ਦੇ ਖਾਤੇ ਦੇ ਵਿੱਚ " Dec/09/2019 to Amount to paid, Account No.486 (Balbir Singh) Sale Essential Goods 2,24,950/- ਦੇ ਨਾਲ ਸਬੰਧਿਤ ਬੈਂਕ ਅਕਾਊਂਟ ਵਿਚੋਂ ਕਢਣ ਸਮੇਂ ਵਾਊਚਰ ਦੀ ਤਸਦੀਕਸੁਦਾ ਕਾਪੀ ਦਿੱਤੀ ਜਾਵੇ।

8. ਇਹ ਕਿ ਦਰਖਾਸਤਕਰਤਾ ਦੇ ਪਤੀ ਦੇ ਖਾਤੇ ਦੇ ਵਿੱਚ " Dec/09/2019 to Amount to paid, Account No.486 (Balbir Singh) Goods 23,000/- ਦੇ ਨਾਲ ਸਬੰਧਿਤ ਬੈਂਕ ਅਕਾਊਂਟ ਵਿਚੋਂ ਕਢਣ ਸਮੇਂ ਵਾਊਚਰ ਦੀ ਤਸਦੀਕਸੁਦਾ ਕਾਪੀ ਦਿੱਤੀ ਜਾਵੇ।

9. ਇਹ ਕਿ ਦਰਖਾਸਤਕਰਤਾ ਦੇ ਪਤੀ ਦੇ ਖਾਤੇ ਦੇ ਵਿੱਚ " Mar/31/2019 to Amount to paid, Account No.486 (Balbir Singh) Sale Essential Goods 36,958/- ਦੇ ਨਾਲ ਸਬੰਧਿਤ ਬੈਂਕ ਅਕਾਊਂਟ ਵਿਚੋਂ ਕਢਣ ਸਮੇਂ ਵਾਊਚਰ ਦੀ ਤਸਦੀਕਸੁਦਾ ਕਾਪੀ ਦਿੱਤੀ ਜਾਵੇ।

10. ਇਹ ਕਿ ਦਰਖਾਸਤਕਰਤਾ ਦੇ ਪਤੀ ਦੇ ਖਾਤੇ ਵਿੱਚੋਂ ਜੋ ਉਕਤ ਐਂਟਰੀਆਂ ਰਾਂਹੀ ਪੈਸੇ ਕੱਢੇ ਗਏ ਹਨ ਉਹਨਾਂ ਪੈਸਿਆਂ ਨੂੰ ਜਮਾਂ ਕਰਵਾਉਣ ਬਾਬਤ ਸੋਸਾਇਟੀ / ਸਭਾ ਵਲੋਂ ਦਰਖਾਸਤਕਰਤਾ ਦੇ ਪਿਤਾ ਨੂੰ ਕੋਈ

ਕਸ਼ਮੀਰ ਕੌਰ

ਵਾਲਾਂ ਕੋਈ ਨੋਟਿਸ ਕਾਂ ਲਿਖਤੀ ਪੱਤਰ ਰਾਂਹੀ ਹਦਾਇਤ ਕਰਨ ਸਬੰਧੀ ਉਸਦੀ ਤਸਦੀਕਸ਼ੁਦਾ ਕਾਪੀ ਦਿੱਤੀ ਜਾਵੇ।

**11.** ਇਹ ਕਿ ਮਿਤੀ 01/04/2017-31/03/2018, ਮਿਤੀ 01/04/2018-31/03/2019 ਅਤੇ ਮਿਤੀ 01/04/2019-31-03-2020 ਸੋਸਾਇਟੀ ਦੀ "Finance year Balance Sheet" ਦੀ ਤਸਦੀਕਸ਼ੁਦਾ ਕਾਪੀ ਦਿੱਤੀ ਜਾਵੇ।

**12.** ਇਹ ਕਿ ਮਿਤੀ 01/04/2017 ਤੋਂ ਲੈ ਕੇ ਮਿਤੀ 19-07-2021 ਤੱਕ ਦੀ Sale Fertilizer ਨਾਲ ਸਬੰਧਿਤ ਰਜਿਸਟਰ ਅਤੇ ਬੈਂਕ ਖਾਤੇ ਦੇ ਪੂਰੇ ਪੇਜ ਦੀ ਤਸਦੀਕਸ਼ੁਦਾ ਕਾਪੀ ਦਿੱਤੀ ਜਾਵੇ।

**13.** ਇਹ ਕਿ ਮਿਤੀ 01/04/2017 ਤੋਂ ਲੈ ਕੇ ਮਿਤੀ 19-07-2021 ਤੱਕ ਦੀ Sale Essential Goods ਨਾਲ ਸਬੰਧਿਤ ਰਜਿਸਟਰ ਅਤੇ ਬੈਂਕ ਖਾਤੇ ਦੇ ਪੂਰੇ ਪੇਜ ਦੀ ਤਸਦੀਕਸ਼ੁਦਾ ਕਾਪੀ ਦਿੱਤੀ ਜਾਵੇ।

**14.** ਇਹ ਕਿ ਮਿਤੀ 01/04/2017 ਤੋਂ ਲੈ ਕੇ ਮਿਤੀ 19-07-2021 ਤੱਕ ਦੀ Goods ਨਾਲ ਸਬੰਧਿਤ ਰਜਿਸਟਰ ਅਤੇ ਬੈਂਕ ਖਾਤੇ ਦੇ ਪੂਰੇ ਪੇਜ ਦੀ ਤਸਦੀਕਸ਼ੁਦਾ ਕਾਪੀ ਦਿੱਤੀ ਜਾਵੇ।

**15. ਇਹ ਕਿ ਮਿਤੀ 01/04/2017 ਤੋਂ ਲੈ ਕੇ ਮਿਤੀ 19-07-2021 ਤੱਕ ਦੀ 1. Sale Fertilizer, 2. Sale Essential Goods, 3. Goods ਨਾਲ ਸਬੰਧਿਤ ਖਰੀਦਣ ਰਜਿਸਟਰ ਅਤੇ ਬੈਂਕ ਖਾਤੇ ਦੇ ਪੂਰੇ ਪੇਜ** ਦੀ ਤਸਦੀਕਸ਼ੁਦਾ ਕਾਪੀ ਦਿੱਤੀ ਜਾਵੇ।

**16.** ਇਹ ਕਿ ਮਿਤੀ 01/04/2017 ਤੋਂ ਲੈ ਕੇ ਮਿਤੀ 19-07-2021 ਤੱਕ ਦੀ 1. Sale Fertilizer, 2. Sale Essential Goods, 3. Goods ਨਾਲ ਸਬੰਧਿਤ ਖਰੀਦ ਕੀਤੀ ਦੀ ਪੈਸ਼ਿਆਂ ਦੀ ਅਦਾਇਗੀ ਕਰਨ ਸਬੰਧਿਤ ਰਜਿਸਟਰ ਅਤੇ ਬੈਂਕ ਖਾਤੇ ਦੇ ਪੂਰੇ ਪੇਜ ਦੀ ਤਸਦੀਕਸ਼ੁਦਾ ਕਾਪੀ ਦਿੱਤੀ ਜਾਵੇ।

**17.** ਇਹ ਕਿ ਮਿਤੀ 01/04/2017 ਤੋਂ ਲੈ ਕੇ ਮਿਤੀ 19-07-2021 ਤੱਕ ਦੀ 1. Sale Fertilizer, 2. Sale Essential Goods, 3. Goods ਨਾਲ ਸਬੰਧਿਤ ਖਰੀਦ ਕੀਤੀ ਦੇ ਬਿਲਾਂ ਦੀ ਤਸਦੀਕਸ਼ੁਦਾ ਕਾਪੀ ਦਿੱਤੀ ਜਾਵੇ।

**18. ਇਹ ਕਿ ਮਿਤੀ** 01/04/2017 ਤੋਂ ਲੈ ਕੇ ਮਿਤੀ 19-07-2021 ਤੱਕ ਦੀ 1. Sale Fertilizer, 2. Sale Essential Goods, 3. Goods ਨਾਲ ਸਬੰਧਿਤ ਖਰੀਦ ਕੀਤੀ ਦੇ ਬਿਲਾਂ ਦੀ ਅਦਾਇਗੀ ਨਾਲ ਸਬੰਧਿਤ ਰਜਿਸਟਰ ਰਿਕਾਰਡ ਅਤੇ ਬੈਂਕ ਖਾਤੇ ਦੀ ਤਸਦੀਕਸ਼ੁਦਾ ਕਾਪੀ ਦਿੱਤੀ ਜਾਵੇ।

ਕਮਲਜੀਤ ਕੌਰ

19. ਇਹ ਕਿ ਮਿਤੀ 01/04/2017 ਤੋਂ ਲੈ ਕੇ ਮਿਤੀ 19-07-2021 ਤੱਕ ਜਿੰਨੇ ਵੀ ਰਜਿਸਟਰ, ਸੋਸਾਇਟੀ / ਸਭਾ ਵਲੋਂ ਲਗਾਏ ਗਏ ਹਨ ਉਹਨਾਂ ਸਾਡੇ ਰਜਿਸਟਰਾਂ ਰਿਕਾਰਡ ਦੇ ਪੇਜਾਂ ਦੀ ਤਸਦੀਕਸੁਦਾ ਕਾਪੀ ਦਿੱਤੀ ਜਾਵੇ।

20. ਇਹ ਮਿਤੀ 01-01-2017 ਤੋਂ ਲੈ ਕੇ ਮਿਤੀ 19-07-2021 ਤੱਕ "ਦੀ ਥੱਲਾ ਕੋ-ਆਪ. ਐਗਰੀ ਮ/ਪ ਸਰਵਿਸ ਸੋਸਾਇਟੀ ਲਿਮ. ਥੱਲਾ, ਤਹਿਸੀਲ ਫਿਲੌਰ, ਜਿਲ੍ਹਾ ਜਲੰਧਰ ( The Thalla Co-op Agri. Multipurpose Service Society Ltd. Tehsil Phillaur, Distt. Jalandhar ਵਲੋਂ ਕਾਰਵਾਈ ਕਮੇਟੀ ਵਲੋਂ ਕਾਰਵਾਈ ਰਜਿਸਟਰ ਦੇ ਦਰਜ ਮਤੇ ਦੀਆਂ ਕਾਰਵਾਈ ਰਜਿਸਟਰ ਦੇ ਸਾਰੇ ਪੇਜਾਂ ਦੀਆਂ ਤਸਦੀਕਸੁਦਾ ਕਾਪੀਆਂ ਦਿੱਤੀਆਂ।

ਆਪ ਜੀ ਪਾਸ ਨਿਮਰਤਾ ਸਹਿਤ ਬੇਨਤੀ ਹੈ ਕਿ ਅਪੀਲਕਰਤਾ ਦੀ ਅਪੀਲ ਦੇ ਵਿੱਚ ਦਿੱਤੇ ਤੱਥਾਂ ਨੂੰ **ਵਾਚਿਆ ਜਾਵੇ ਜੀ ਕਿ ਕਿਸ ਤਰਾਂ ਲੋਕ ਸੂਚਨਾ ਅਧਿਕਾਰੀ, ਅਪੀਲਕਰਤਾ ਦੁਆਰਾ ਮੰਗੀ ਸੂਚਨਾ ਜਾਣਕਾਰੀ, ਸੂਚਨਾ ਦਾ ਅਧਿਕਾਰ ਐਕਟ ਦੇ ਤਹਿਤ ਮੰਗੀ ਸੂਚਨਾ ਉਪਲੱਬਧ ਨਹੀਂ ਕਰਵਾ ਰਿਹਾ। ਆਪ ਜੀ ਪਾਸ ਬੇਨਤੀ ਹੈ** ਕਿ ਅਪੀਲਕਰਤਾ ਦੀ ਅਪੀਲ ਨੂੰ ਮਨਜੂਰ ਕਰਕੇ ਲੋਕ ਸੂਚਨਾ ਅਧਿਕਾਰੀ ਪਾਸੋਂ ਉਕਤ ਸੂਚਨਾ ਜਾਣਕਾਰੀ ਦਵਾਈ ਜਾਵੇ ਅਤੇ ਜਿਨਾਂ ਨੇ ਸੂਚਨਾ ਜਾਣਕਾਰੀ ਸਮੇਂ ਸਿਰ ਨਹੀਂ ਦਿੱਤੀ ਉਨਾਂ ਅਧਿਕਾਰੀਆਂ ਦੇ ਖਿਲਾਫ ਸੂਚਨਾ ਦਾ ਅਧਿਕਾਰ ਐਕਟ 2005 ਤਹਿਤ ਨਿਯਮਾਂ ਸੈਕਸਨ 20(1) ਤੇ (2) ਨਿਯਮਾਂ ਅਨੁਸਾਰ ਜੁਰਮਾਨਾ ਕੀਤਾ ਜਾਵੇ ਅਤੇ ਇੰਨਾਂ ਖਿਲਾਫ ਬਣਦੀ ਕਾਨੂੰਨੀ/ਅਨੁਸਾਸਨੀ ਕਾਰਵਾਈ ਕਰਨ ਦੀ ਸਿਫਾਰਸ ਕੀਤੀ ਜਾਵੇ ਜੀ। ਆਪ ਜੀ ਦੀ ਬਹੁਤ ਮੇਹਰਬਾਨੀ ਹੋਵੇਗੀ।

ਆਪ ਜੀ ਦੀ ਵਿਸਵਾਸ ਪਾਤਰ/ਅਪੀਲਕਰਤਾ

ਕਸ਼ਮੀਰ ਕੌਰ

ਮਿਤੀ:-22-12-2021

ਕਸ਼ਮੀਰ ਕੌਰ ਪਤਨੀ ਸਵ.ਸ੍ਰੀ ਬਲਵੀਰ ਸਿੰਘ ਪੁੱਤਰ
ਸ਼੍ਰੀ ਸਾਧੂ ਰਾਮ ਵਾਸੀ ਪਿੰਡ ਥੱਲਾ, ਤਹਿਸੀਲ ਫਿਲੌਰ
ਜਿਲ੍ਹਾ ਜਲੰਧਰ ਮੋਬਾਈਲ ਨੰਬਰ:- 98156-76274